Mob:9682536974, E-Mail.: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ) ਭਾਰਤ

# ਜੰਗੇ ਬਦਰ ਅਤੇ ਵੱਖੋ ਵਖੱ ਆਰੰਭਿਕ ਜੰਗਾਂ ਦੇ ਹਵਾਲੇ ਨਾਲ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੇ ਆਚਰਣ ਅਤੇ ਤਾਰੀਖ਼ ਦੇ ਕਿੱਸਿਆਂ ਦਾ ਜ਼ਿਕਰ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 09 ਜੂਨ 2023 ਮਸਜਿਦ ਮੁਬਾਰਕ, ਇਸਲਾਮਾਬਾਦ, ਤਿਲਫ਼ੋਰਡ (ਯੂ.ਕੇ)**

أَشۡھَدُ أَنۡ لَّا إِلٰہَ إِلَّا اللّٰہُ وَحۡدَہٗ لَا شَرِیۡکَ لَہٗ وَأَشۡھَدُ أَنَّ مُحَمَّدًا عَبۡدُہٗ وَرَسُوۡلُہٗ أَمَّا بَعۡدُ فَأَعُوۡذُ بِاللّٰہِ مِنَ الشَّیۡطٰنِ الرَّجِیۡمِ۔ بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَ اِیَّاکَ نَسۡتَعِیۡنُ۔ اِھۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡھِمۡ۔ غَیۡرِ الۡمَغۡضُوۡبِ عَلَیۡھِمۡ وَلَا الضَّآلِّیۡنَ۔

ਤਸ਼ਹੁਦ, ਤੌਜ਼ ਅਤੇ ਸੂਰਤੁਲ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹਿਜਰਤ ਮਗਰੋਂ ਆਰੰਭਿਕ ਹਾਲਾਤ, ਜੰਗੇ ਬਦਰ ਦੇ ਕਾਰਨ, ਮੱਕਾ ਵਾਲਿਆਂ ਦੀਆਂ ਕਾਰਵਾਇਆਂ ਅਤੇ ਉਨ੍ਹਾਂ ਦੇ ਫ਼ਸਾਦਾਂ ਨੂੰ ਰੋਕਣ ਲਈ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਜੋ ਕਾਰਵਾਈਆਂ ਕੀਤੀਆਂ ਉਸ ਦਾ ਕੁਝੱ ਜ਼ਿਕਰ ਹੋਇਆ ਸੀ। ਜੰਗੇ ਬਦਰ ਤੋਂ ਪਹਿਲਾਂ ਕੁਝੱ ਸਰਿੱਯਾ (ਉਹ ਜੰਗਾਂ ਜਿਨ੍ਹਾਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸ਼ਾਮਿਲ ਨਹੀਂ ਹੋਏ) ਅਤੇ ਗ਼ਜ਼ਵਾਤ (ਉਹ ਜੰਗਾਂ ਜਿਨ੍ਹਾਂ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਆਪ ਸ਼ਾਮਿਲ ਹੋਏ) ਵੀ ਹੋਏ ਅਤੇ ਮੱਕਾ ਵਾਲਿਆਂ ਦੀ ਜੰਗ ਲਈ ਤਿਆਰੀ ਦੇ ਕੁਝੱ ਹਾਲਾਤ ਵੀ ਬਿਆਨ ਕਰਾਂਗਾ। ਇੰਸ਼ਾ-ਅੱਲਾਹ

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਰਮਜ਼ਾਨ ਇਕੱ ਹਿਜਰੀ ਵਿਚੱ ਪਹਿਲਾ ਸਰੱਯਾ ਹਜ਼ਰਤ ਹਮਜ਼ਾ ਭੇਜਿਆ। ਜਿਸ ਨੂੰ ਸੈਫ਼ੁਲ ਬਹਰ ਵੀ ਕਹਿੰਦੇ ਹਨ। ਝੰਡਾ ਚਿੱਟਾ ਸੀ, ਅਬੂ ਮਰਸਦ ਰਜ਼ੀ ਅੱਲਾਹ ਅੰਨਹੋ ਨੇ ਝੰਡਾ ਚੁਕਿੱਆ ਹੋਇਆ ਸੀ ਅਤੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਆਪਣੇ ਚਾਚਾ ਹਜ਼ਰਤ ਹਮਜ਼ਾ ਬਿਨ ਅਬਦੁਲੱ ਮੁਤਲਿਬ ਰਜ਼ੀ ਅੱਲਾਹ ਅੰਨਹੋ ਨੂੰ ਉਸ ਦਾ ਅਮੀਰ ਬਣਾਇਆ। ਤੀਹ ਮੁਹਾਜਿਰ (ਮੱਕੇ ਤੋਂ ਹਿਜਰਤ ਕਰਨ ਵਾਲੇ) ਸਵਾਰ ਉਨ੍ਹਾਂ ਦੇ ਨਾਲ ਸਨ। ਐਸ (ਇਕੱ ਥਾਂ ਦਾ ਨਾਂ) ਵਿਚੱ ਅਬੂ ਜਹਲ ਦੀ ਅਗਵਾਈ ਵਿਚੱ ਸ਼ਾਮ ਤੋਂ ਆਉਣ ਵਾਲੇ ਇਕੱ ਕਾਫ਼ਲੇ ਨਾਲ ਉਨ੍ਹਾਂ ਦਾ ਸਾਮ੍ਹਣਾ ਹੋਇਆ। ਦੋਵੇਂ ਵਿਰੋਧੀ ਆਮ੍ਹਣੇ ਸਾਮ੍ਹਣੇ ਹੋਏ। ਪਰ ਬਨੂ ਸੁਲੈਮ ਕਬੀਲੇ ਦਾ ਇਕੱ ਰਈਸ ਵਿਚੱ ਪੈ ਗਿਆ ਅਤੇ ਦੋਵੇਂ ਵਿਰੋਧੀ ਮੁੜ੍ਹ ਗਏ।

ਫ਼ਿਰ ਸਰਯਾ ਉਬੈਦਾ ਬਿਨ ਹਾਰਸ ਹੈ। ਸ਼ਵਾਲ ਇਕੱ ਹਿਜਰੀ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਉਬੈਦਾ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਨੂੰ ਸਠੱ ਮੁਹਾਜਿਰਾਂ ਦੀ ਕਮਾਨ ਦੇ ਕੇ ਸਨਯਾਤੁਲੱ ਮਰਤ ਵਲੱੋਂ ਭੇਜਿਆ। ਜਿੱਥੇ ਅਬੂ ਸੁਫ਼ਯਾਨ ਅਤੇ ਉਸ ਦੇ ਦੋ ਸੌ ਸਵਾਰਾਂ ਨਾਲ ਸਾਮ੍ਹਣਾ ਹੋਇਆ ਦੋਵੇਂ ਪਾਸਿਓਂ

ਕੁਝੱ ਤੀਰ ਚਲੇ। ਪਰ ਕੋਈ ਲੜ੍ਹਾਈ ਨਹੀਂ ਹੋਈ। ਇਸ ਤੋਂ ਪਹਿਲਾਂ ਮੁਸਲਮਾਨਾਂ ਅਤੇ ਕੁਫ਼ਾਰ ਵਿਚੱਕਾਰ ਕਦੇ ਤੀਰ ਅੰਦਾਜ਼ੀ ਨਹੀਂ ਹੋਈ ਸੀ। ਮੁਸਲਮਾਨਾਂ ਵੱਲੋਂ ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਨੇ ਪਹਿਲਾ ਤੀਰ ਛਡਿੱਆ। ਜੋ ਇਸਲਾਮੀ ਇਤਹਾਸ ਦਾ ਪਹਿਲਾ ਤੀਰ ਸੀ ਅਤੇ ਜਿਸ ਉੱਤੇ ਹਜ਼ਰਤ ਸਾਅਦ ਰਜ਼ੀ ਅੱਲਾਹ ਅੰਨਹੋ ਨੂੰ ਮਾਣ ਸੀ। ਫ਼ਿਰ ਦੋਵੇਂ ਵਾਪਸ ਆਪਣੇ ਆਪਣੇ ਇਲਾਕੇ ਵਿਚੱ ਚਲ੍ਹੇ ਗਏ।

ਫ਼ਿਰ ਸਰਯਾ ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਇਕੱ ਜਾਂ ਦੋ ਹਿਜਰੀ ਵਿਚੱ ਹੋਇਆ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਕੁਰੈਸ਼ ਦੇ ਇਕੱ ਵਿਉਪਾਰੀ ਕਾਫ਼ਲੇ ਨੂੰ ਰੋਕਣ ਲਈ ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਨੂੰ ਵੀਹ ਵਿਅਕਤੀਆਂ ਦਾ ਸਰਦਾਰ ਬਣਾ ਕੇ ਭੇਜਿਆ ਅਤੇ ਆਦੇਸ਼ ਦਿੱਤਾ ਕਿ ਖ਼ਰਾਰ ਵਾਦੀ ਤੋਂ ਅੱਗੇ ਨ ਜਾਣਾ। ਪਰ ਜਦੱ ਇਹ ਖ਼ਰਾਰ ਪਹੁੰਚੇ ਤਾਂ ਉਹ ਕਾਫ਼ਲਾ ਉਨਾਂ ਦੇ ਪਹੁੰਚਣ ਤੋਂ ਪਹਿਲਾਂ ਹੀ ਨਿਕਲ ਗਿਆ ਸੀ। ਸੋ, ਇਹ ਬਿਨਾਂ ਕਿਸੇ ਮੁਕਾਬਲੇ ਦੇ ਵਾਪਸ ਆ ਗਏ।

ਫ਼ਿਰ ਗ਼ਜ਼ਵਾਹ ਵੱਦਾਨ ਸਫ਼ਰ ਦੋ ਹਿਜਰੀ ਦਾ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਠੱ ਸਤੱਰ ਮੁਹਾਜਿਰਾਂ ਨਾਲ ਵੱਦਾਨ ਵਲ੍ਹੱ ਗਏ। ਇਤਿਹਾਸਕਾਰ ਇਬਨੇ ਸਅਦ ਦੇ ਨੇੜ੍ਹੇ ਇਹ ਪਹਿਲਾ ਗ਼ਜ਼ਵਾਹ ਹੈ। ਜਿਸ ਵਿਚੱ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਆਪ ਸ਼ਾਮਿਲ ਹੋਏ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਸਅਦ ਬਿਨ ਅਬਾਦਾ ਰਜ਼ੀ ਅੱਲਾਹ ਅੰਨਹੋ ਨੂੰ ਮਦੀਨਾ ਵਿਚੱ ਆਪਣਾ ਕਾਰਜਕਾਰੀ ਬਣਾਇਆ। ਆਪ ਸਲੱਲਾਹੋ ਅਲੈਹਿ ਵਸਲੱਮ ਦਾ ਇਰਾਦਾ ਕੁਰੈਸ਼ ਦੇ ਵਿਉਪਾਰੀ ਕਾਫ਼ਲੇ ਨੂੰ ਰੋਕਣਾ ਸੀ ਪਰ ਉਹ ਆਪ ਸਲੱਲਾਹੋ ਅਲੈਹਿ ਵਸਲੱਮ ਦੇ ਪਹੁੰਚਣ ਤੋਂ ਪਹਿਲਾਂ ਹੀ ਨਿਕਲ ਗਿਆ ਸੀ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਬਨੂ ਜ਼ੁਮਰਾਹ ਦੇ ਸਰਦਾਰ ਮਖ਼ਸ਼ੀ ਬਿਨ ਅਮਰੋ ਜ਼ਮਰੀ ਦੇ ਨਾਲ ਸੰਧੀ ਕੀਤੀ। ਜਿਸ ਅਨੁਸਾਰ ਦੋਵੇਂ ਇਕੱ ਦੂਜੇ ਉੱਤੇ ਹਮਲਾ ਨਹੀਂ ਕਰਨਗੇ ਅਤੇ ਨ ਇਕੱ ਦੂਜੇ ਦੇ ਵਿਰੋਧੀਆਂ ਨੂੰ ਸਹਿਯੋਗ ਦੇਣਗੇ। ਇਸ ਸਫ਼ਰ ਵਿਚੱ ਆਪ ਸਲੱਲਾਹੋ ਅਲੈਹਿ ਵਸਲੱਮ ਪੰਦਰਾ ਦਿਨ ਮਦੀਨਾ ਤੋਂ ਬਾਹਰ ਰਹੇ।

ਗ਼ਜ਼ਵਾਹ ਬੁੱਵਾਤ ਰਬਿਉਲੱ ਅੱਵਲ 02 ਹਿਜਰੀ ਵਿਚੱ ਹੋਇਆ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਸਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੋ ਨੂੰ ਮਦੀਨਾ ਵਿਚੱ ਕਾਰਜਕਾਰੀ ਬਣਾਇਆ ਅਤੇ ਆਪਣੇ ਦੋ ਸਹਾਬੀਆ ਨਾਲ ਕੁਰੈਸ਼ ਦੇ ਕਾਫ਼ਲੇ ਨੂੰ ਰੋਕਣ ਲਈ ਨਿਕਲੇ। ਇਸ ਕਾਫ਼ਲੇ ਵਿਚੱ ਉਮੱਯਾ ਬਿਨ ਖ਼ਲਫ਼ ਤੋਂ ਬਿਨਾਂ ਇਕੱ ਸੋ ਹੋਰ ਕੁਰੈਸ਼ ਅਤੇ ਦੋ ਹਜ਼ਾਰ ਪੰਜ ਸੋ ਉੂਠ ਸਨ। ਬੁੱਵਾਤ ਪਹੁੰਚਣ ਉੱਤੇ ਆਪ ਸਲੱਲਾਹੋ ਅਲੈਹਿ ਵਸਲੱਮ ਦਾ ਕਿਸੇ ਨਾਲ ਸਾਮ੍ਹਣਾ ਨਹੀਂ ਹੋਇਆ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਮਦੀਨਾ ਮੁੜ੍ਹ ਆਏ। ਝੰਡੇ ਦਾ ਰੰਗ ਚਿੱਟਾ ਸੀ। ਜਿਸ ਨੂੰ ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਨੇ ਚੁਕਿੱਆ ਹੋਇਆ ਸੀ।

ਗ਼ਜ਼ਵਾਹ ਉਸ਼ੈਰਾ : ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਖ਼ਬਰ ਮਿਲੀ ਕਿ ਕੁਰੈਸ਼ ਦਾ ਇਕੱ ਵਿਉਪਾਰੀ ਕਾਫ਼ਲਾ ਮੱਕੇ ਤੋਂ ਮਿਕਲਿਆ ਹੈ ਅਤੇ ਮੱਕੇ ਵਾਲਿਆਂ ਨੇ ਇਸ ਵਿਚੱ ਆਪਣਾ ਸਾਰਾ ਵਿਉਪਾਰਿਕ ਮਾਲ ਲਾ ਦਿੱਤਾ ਸੀ ਤਾਂ ਕਿ ਜੋ ਲਾਭ ਹੋਵੇ। ਉਹ ਮੁਸਲਮਾਨਾਂ ਦੇ ਖ਼ਿਲਾਫ਼ ਜੰਗ ਲਈ ਵਰਤਿਆ ਜਾਵੇ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਜਮਾਦੀ ਅਲੱ ਉੂਲਾ ਜਾਂ ਜਮਾਦੀ ਅੱਸਾਨਿਆ 02 ਹਿਜਰੀ ਵਿਚੱ ਢੇਡ ਦੋ ਸੋ ਲੋਕਾਂ

ਨਾਲ ਸਫ਼ਰ ਲਈ ਮਿਕਲੇ। ਜਦੋਂ ਆਪ ਸਲੱਲਾਹੋ ਅਲੈਹਿ ਵਸਲੱਮ ਉਸ਼ੈਰਾ ਪਹੁੰਚੇ ਤਾਂ ਗਿਆਤ ਹੋਇਆ ਕਿ ਉਹ ਕਾਫ਼ਲਾ ਕੁਝੱ ਦਿਨ ਪਹਿਲਾਂ ਹੀ ਜਾ ਚੁਕਿੱਆ ਹੈ। ਆਪ ਸਲੱਲਾਹੋ ਅਲੈਹਿ ਵਸਲੱਮ ਕੁਝੱ ਦਿਨ ਰੁਕੇ ਅਤੇ ਬਨੂ ਮਦਲਜ ਅਤੇ ਬਨੂ ਜ਼ਮਰਾ ਨਾਲ ਸੁਲਹਾ ਦੀ ਸੰਧੀ ਕੀਤੀ ਅਤੇ ਮਦੀਨਾ ਮੁੜ੍ਹ ਆਏ। ਕੁਰੈਸ਼ ਦਾ ਇਹ ਉਹੀ ਕਾਫ਼ਲਾ ਸੀ। ਜਿਸ ਦੀ ਸ਼ਾਮ ਤੋਂ ਵਾਪਸੀ ਉੱਤੇ ਆਪ ਸਲੱਲਾਹੋ ਅਲੈਹਿ ਵਸਲੱਮ ਮੁੜ੍ਹ ਉਸ ਦੇ ਪਿੱਛੇ ਨਿਕਲੇ ਸਨ ਅਤੇ ਬਦਰ ਦੀ ਲੜ੍ਹਾਈ ਪੈਸ਼ ਆਈ।

ਗ਼ਜ਼ਵਾਹ ਬਦਰ ਅਲੱ-ਊਲਾ : ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਜਦ ਗ਼ਜ਼ਵਾਹ ਉਸ਼ੈਰ ਤੋਂ ਮੁੜ੍ਹ ਆਏ ਤਾਂ ਦਸੱ ਦਿਨ ਵੀ ਨ ਲੰਘੇ ਸਨ ਕਿ ਕੁਰਜ਼ ਬਿਨ ਜਾਬਰ ਨੇ ਮਦੀਨਾ ਦੀ ਚਰਾਗਾਹ ਉੱਤੇ ਹਮਲਾ ਕਰ ਦਿੱਤਾ। ਆਪ ਸਲੱਲਾਹੋ ਅਲੈਹਿ ਉਸ ਦੇ ਪਿੱਛੇ ਨਿਕਲੇ ਅਤੇ ਹਜ਼ਰਤ ਜ਼ੈਦ ਬਿਨ ਹਾਰਸ ਰਜ਼ੀ ਅੱਲਾਹ ਅੰਨਹੋ ਨੂੰ ਆਪਣਾ ਕਾਰਜਕਾਰੀ ਬਣਾਇਆ। ਆਪ ਸਲੱਲਾਹੋ ਅਲੈਹਿ ਵਸਲੱਮ ਸਫ਼ਵਾਨ ਵਾਦੀ ਵਿਚੱ ਪਹੁੰਚੇ। ਪਰ ਕੁਰਜ਼ ਬਿਨ ਜਾਬਰ ਤੇਜ਼ੀ ਨਾਲ ਅੱਗੇ ਨਿਕਲ ਗਿਆ ਅਤੇ ਆਪ ਸਲੱਲਾਹੋ ਅਲੈਹਿ ਵਸਲੱਮ ਉਸ ਨ ਫ਼ੜ੍ਹ ਨ ਸਕੇ। ਸੋ, ਆਪ ਸਲੱਲਾਹੋ ਅਲੈਹਿ ਵਸਲੱਮ ਮੁੜ੍ਹ ਆਏ। ਇਸ ਨੂੰ ਬਦਰ ਅਲੱ ਊਲਾ ਕਹਿੰਦੇ ਹਨ। ਕਿਉਂਕਿ ਬਦਰ ਦੇ ਇਕੱ ਪਾਸੇ ਸਫ਼ਵਾਨ ਤਕੱ ਮੁਸਲਮਾਨਾਂ ਦਾ ਲਸ਼ਕਰ ਪਹੁੰਚਿਆ ਸੀ।

ਕੁਰਜ਼ ਬਿਨ ਜਾਬਰ ਬਾਰੇ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਲਿਖੱਦੇ ਹਨ ਕਿ ਕੁਰਜ਼ ਬਿਨ ਜਾਬਰ ਦਾ ਇਹ ਹਮਲਾ ਇਕੱ ਸਧਾਰਨ ਲੁਟੱ ਮਾਰ ਨਹੀਂ ਸੀ। ਸਗੋਂ ਉਹ ਕੁਰੈਸ਼ ਵੱਲੋਂ ਮੁਸਲਮਾਨਾਂ ਦੇ ਖ਼ਿਲਾਫ਼ ਖ਼ਾਸ ਇਰਾਦੇ ਨਾਲ ਆਇਆ ਸੀ। ਸੋਂ, ਸੰਭਵ ਸੀ ਕਿ ਉਸ ਦੀ ਖ਼ਾਸ ਨਿਯਤ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਹਸਤੀ ਨੂੰ ਨੁਕਸਾਨ ਪਹੁੰਚਾਉਣ ਦੀ ਹੋਵੇ। ਪਰ ਮੁਸਲਮਾਨਾਂ ਨੂੰ ਹੁਸ਼ਿਆਰ ਪਾ ਕੇ ਉਨ੍ਹਾਂ ਦੇ ਉਂਠਾਂ ਉੱਤੇ ਹਥੱ ਸਾਫ਼ ਕਰਦਾ ਹੋਇਆ ਨਿਕਲ ਗਿਆ। ਇਸ ਤੋਂ ਇਹ ਵੀ ਗਿਆਤ ਹੁੰਦਾ ਹੈ ਕਿ ਕੁਰੈਸ਼ ਨੇ ਇਹ ਇਰਾਦਾ ਕਰ ਲਿਆ ਸੀ ਕਿ ਮਦੀਨੇ ਉੱਤੇ ਹਮਲੇ ਕਰਕੇ ਮੁਸਲਮਾਨਾਂ ਨੂੰ ਬਰਬਾਦ ਕੀਤਾ ਜਾਵੇ। ਇਹ ਵੀ ਯਾਦ ਰਖੱਣਾ ਚਾਹਿਦਾ ਹੈ ਕਿ ਭਾਵੇਂ ਇਸ ਤੋਂ ਪਹਿਲਾਂ ਮੁਸਲਮਾਨਾਂ ਨੂੰ ਤਲਵਾਰ ਚੁਕੱਣ ਦੀ ਆਗਿਆ ਮਿਲ ਗਈ ਸੀ ਅਤੇ ਉਨ੍ਹਾਂ ਨੇ ਆਪਣੀ ਰਾਖੀ ਲਈ ਪ੍ਰਬੰਧ ਕਰਨੇ ਸ਼ੁਰੂ ਵੀ ਕਰ ਦਿੱਤੇ ਸਨ। ਪਰ ਹਾਲੇ ਤਕੱ ਉਨ੍ਹਾਂ ਵਲੋਂ ਕੁਫ਼ਾਰ ਨੂੰ ਕਿਸੇ ਕਿਸਮ ਦਾ ਜਾਨ ਮਾਲ ਦਾ ਨੁਕਸਾਨ ਨਹੀਂ ਪਹੁੰਚਿਆ ਸੀ। ਪਰ ਕੁਰਜ਼ ਬਿਨ ਜਾਬਰ ਦੇ ਹਮਲੇ ਨਾਲ ਮੁਸਲਮਾਨਾਂ ਨੂੰ ਨੁਕਸਾਨ ਪਹੁੰਚਿਆ ਸੀ। ਸੋ, ਮੁਸਲਮਾਨਾਂ ਵੱਲੋਂ ਕੁਰੈਸ਼ ਦਾ ਚੈਲੰਜ ਕਬੂਲ ਕਰਨ ਮਗਰੋਂ ਵੀ ਜੰਗ ਵਿਚੱ ਕੁਫ਼ਾਰ ਵੱਲੋਂ ਹੀ ਪਹਿਲ ਹੋਈ।

ਸਰਯਾ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਮੱਕੇ ਦੇ ਨੇੜ੍ਹੇ ਵਾਦੀ ਨਖ਼ਲਾ ਵਿਚੱ ਹੋਇਆ ਇਸ ਬਾਰੇ ਲਿਖਿੱਆ ਹੈ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਰਜਬ ਦੇ ਮਹੀਨੇ ਵਿਚੱ ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਨੂੰ ਅਠੱ ਮੁਹਾਜਿਰਾਂ ਨਾਲ ਭੇਜਿਆ। ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਰਜ਼ੀ ਅੱਲਾਹ ਅੰਨਹੋ ਦਾ ਊਂਠ ਗੁਆਚ ਗਿਆ। ਜਿਸ ਨੂੰ ਲਭੱਣ ਲਈ ਉਹ ਪਿੱਛੇ ਰਹਿ ਗਏ ਅਤੇ ਬਾਕੀ ਸਭ ਨਖ਼ਲਾ ਪਹੁੰਚ ਗਏ। ਉੱਥੇ ਕੁਰੈਸ਼ ਨੇ ਮੁਸਲਮਾਨਾਂ ਨੂੰ ਵੇਖਿਆ ਤਾਂ ਡਰ ਗਏ। ਇਜ਼ੱਤ ਵਾਲੇ ਮਹੀਨੇ ਰਜਬ ਦਾ ਅੰਤਿਮ ਦਿਨ ਸੀ। ਮੁਸਲਮਾਨਾਂ ਨੇ ਸਲਾਹ ਕੀਤੀ ਕਿ ਜੇਕਰ

ਉਨ੍ਹਾਂ ਨੂੰ ਛਡੱ ਦਿੱਤਾ ਤਾਂ ਇਹ ਹੱਥੋਂ ਨਿਕਲ ਜਾਣਗੇ। ਇਸ ਲਈ ਕੁਰੈਸ਼ ਉੱਤੇ ਹਮਲਾ ਕਰ ਦਿੱਤਾ ਅਤੇ ਉਨ੍ਹਾਂ ਦੇ ਇਕੱ ਰਈਸ ਅਮਰੋ ਬਿਨ ਹਜ਼ਰਮੀ ਨੂੰ ਮਾਰ ਦਿੱਤਾ। ਹਜ਼ਰਤ ਅਬਦੁੱਲਾਹ ਬਿਨ ਹਜਸ਼ ਰਜ਼ੀ ਅੱਲਾਹ ਅੰਨਹੋ ਦੋ ਕੈਦੀਆਂ ਅਤੇ ਊਂਠਾਂ ਨੂੰ ਲੈ ਕੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਕੋਲ੍ਹੱ ਮਦੀਨਾ ਹਾਜ਼ਰ ਹੋ ਗਏ। ਆਪ ਸਲੱਲਾਹੋ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਮੈਂ ਤੁਹਾਨੂੰ ਇਹ ਆਦੇਸ਼ ਨਹੀਂ ਦਿੱਤਾ ਸੀ ਕਿ ਤੁਸੀਂ ਇਜ਼ੱਤ ਵਾਲੇ ਮਹੀਨੇ ਵਿਚੱ ਜੰਗ ਕਰੋ ਅਤੇ ਕੋਈ ਚੀਜ਼ ਵੀ ਕਬੂਲ ਕਰਨ ਤੋਂ ਇੰਨਕਾਰ ਕਰ ਦਿੱਤਾ। ਰਬੱ ਨੇ ਇਜ਼ੱਤ ਵਾਲੇ ਮਹੀਨੇ ਵਿਚੱ ਇਸ ਹਮਲੇ ਲਈ ਮੁਸਲਮਾਨਾਂ ਨੂੰ ਤਸੱਲੀ ਅਤੇ ਹੌਂਸਲਾ ਦੇਣ ਲਈ ਸੂਰਤੁਲੱ ਬਕਰਹ ਦੀ ਆਇਤ 218 ਵਹੀ ਵੱਜੋਂ ਉਤਾਰੀ। ਇਸ ਨਾਲ ਜਿੱਥੇ ਮੁਸਲਮਾਨਾਂ ਨੂੰ ਤਸੱਲੀ ਹੋਈ। ਉੱਥੇ ਕੁਰੈਸ਼ ਵੀ ਕੁਝੱ ਠੰਡੇ ਪੈ ਗਏ। ਕਿਉਂਕਿ ਉਹਨਾਂ ਨੂੰ ਪਤਾ ਲਗੱ ਗਿਆ ਕਿ ਵਹੀ ਹੋਈ ਹੈ। ਇਸ ਦੇ ਬਾਦ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਹਜ਼ਰਤ ਸਅਦ ਬਿਨ ਅਬੀ ਵੱਕਾਸ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਅਤਬਾ ਬਿਨ ਗ਼ਜ਼ਵਾਨ ਰਜ਼ੀ ਅੱਲਾਹ ਅੰਨਹੋ ਦੇ ਬਿਨਾਂ ਨੁਕਸਾਨ ਦੇ ਵਾਪਸ ਆਉਣ ਉੱਤੇ ਕੁਰੈਸ਼ ਦੇ ਦੋਵੇਂ ਕੈਦੀ ਫ਼ਿਦਯਾ ਲੈ ਕੇ ਛਡੱ ਦਿੱਤੇ।

ਗ਼ਜ਼ਵਾਹ ਬਦਰ ਅਲ-ਕੁਬਰਾ ਨੂੰ ਕੁਰਆਨੇ ਸ਼ਰੀਫ਼ ਵਿਚੱ ਫ਼ੈਸਲੇ ਦਾ ਦਿਨ ਕਰਾਰ ਦਿੱਤਾ ਹੈ। ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅਲੱ-ਅਵੱਲ ਰਜ਼ੀ ਅੱਲਾਹ ਅੰਨਹੋ ਬਿਆਨ ਫ਼ਰਮਾਉਂਦੇ ਹਨ ਕਿ ਹਜ਼ਰਤ ਨਬੀ ਕਰੀਮ ਸਲੱਲਾਹੋ ਅਲੈਹਿ ਵਸਲੱਮ ਦਾ ਫ਼ੁਰਕਾਨ (ਫ਼ੈਸਲੇ ਦਾ ਦਿਨ) ਜੰਗੇ ਬਦਰ ਦਾ ਦਿਨ ਸੀ। ਜਿਸ ਦਿਨ ਕਿ ਵਿਰੋਧੀਆਂ ਦੇ ਜ਼ਬਰਦਸਤ ਤਾਕਤ ਵਾਲੇ ਗਰੋਹ ਹਲਾਕ ਹੋਏ ਅਤੇ ਮੁਸਲਮਾਨਾਂ ਨੂੰ ਜਿਤੱ ਅਤੇ ਗ਼ਲਬਾ ਪ੍ਰਾਪਤ ਹੋਇਆ। ਹਜ਼ਰਤ ਖ਼ਲੀਫ਼ਾਤੁਲੱ ਮਸੀਹ ਅਲੱ-ਅਵੱਲ ਰਜ਼ੀ ਅੱਲਾਹ ਅੰਨਹੋ ਇਕੱ ਹੋਰ ਥਾਂ ਫ਼ੁਰਕਾਨ ਸ਼ਬਦ ਦਾ ਅਰਥ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਕੁਰਆਨ ਤੋਂ ਮੈਨੂੰ ਇਸ ਦੇ ਇਹ ਅਰਥ ਸਮਝ ਆਏ ਕਿ ਫ਼ੁਰਕਾਨ ਨਾਂ ਹੈ ਉਸ ਜਿਤੱ ਦਾ। ਜਿਸ ਦੇ ਬਾਦ ਵਿਰੋਧੀ ਦੀ ਕਮਰ ਟੁਟੱ ਜਾਏ ਅਤੇ ਇਹ ਬਦਰ ਦਾ ਦਿਨ ਸੀ।

ਇਸ ਗ਼ਜ਼ਵਾਹ ਨੂੰ ਬਦਰ ਸਾਨੀਆ, ਬਦਰ ਅਲ-ਕੁਬਰਾ, ਬਦਰ ਅਲ- ਉਜ਼ਮਾ, ਬਦਰ ਅਲ-ਕਿਤਾਲ ਵੀ ਕਿਹਾ ਜਾਂਦਾ ਹੈ। ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੂੰ ਖ਼ਬਰ ਮਿਲੀ ਕਿ ਅਬੂ ਸੁਫ਼ਯਾਨ ਕੁਰੈਸ਼ ਦਾ ਇਕੱ ਕਾਫ਼ਲਾ ਲੈ ਕੇ ਵਾਪਸ ਆ ਰਿਹਾ ਹੈ। ਜਿਸ ਵਿਚੱ ਇਕੱ ਹਜ਼ਾਰ ਊਂਠ ਹਨ ਅਤੇ ਉਸ ਵਿਚੱ ਕੁਰੈਸ਼ ਦਾ ਬਹੁਤ ਸਾਰਾ ਮਾਲ ਸੀ। ਤੀਹ, ਚਾਲ੍ਹੀ ਜਾਂ ਸਤੱਰ ਵਿਅਕਤੀ ਸਨ। ਇਹ ਉਹੀ ਕਾਫ਼ਲਾ ਸੀ ਜਿਸ ਦੇ ਪਿੱਛੇ ਆਪ ਸਲੱਲਾਹੋ ਅਲੈਹਿ ਵਸਲੱਮ ਪਹਿਲਾਂ ਵੀ ਨਿਕਲੇ ਸਨ। ਇਸ ਮੁਹਿਮ ਲਈ ਆਪ ਸਲੱਲਾਹੋ ਅਲੈਹਿ ਵਸਲੱਮ ਜਮਾਦੀ ਅਲ-ਊਲਾ ਜਾਂ ਜਮਾਦੀ ਅਲੱ-ਆਖ਼ਿਰ 02 ਹਿਜਰੀ ਨੂੰ ਨਿਕਲੇ। ਕੁਝੱ ਲੋਕ ਆਰੋਪ ਲਾਉਂਦੇ ਹਨ ਕਿ ਮੁਸਲਮਾਨਾਂ ਨੇ ਲੂਟੱ ਮਾਰ ਲਈ ਗ਼ਜ਼ਵਾਹ ਕੀਤਾ ਸੀ। ਪਰ ਹਜ਼ਰਤ ਮਿਰਜ਼ਾ ਬਸ਼ੀਰ ਅਹਮਦ ਸਾਹਿਬ ਰਜ਼ੀ ਅੱਲਾਹ ਅੰਨਹੋ ਸੀਰਤ ਖ਼ਾਤਮੁਨੱਬੀਯੀਨ ਵਿਚੱ ਬਿਆਨ ਕਰਦੇ ਹਨ ਕਿ ਇਸ ਕਾਫ਼ਲੇ ਨੂੰ ਰੋਕਣ ਲਈ ਨਿਕਲਣਾ ਬਿਲਕੁੱਲ ਵੀ ਆਰੋਪਯੋਗ ਨਹੀਂ ਸੀ ਕਿਉਂਕਿ ਇਹ ਅਸਧਾਰਨ ਕਾਫ਼ਲਾ ਸੀ ਅਤੇ ਉਸ ਦਾ ਲਾਭ ਮੁਸਲਮਾਨਾਂ ਦੇ ਵਿਰੁੱਧ ਵਰਤਿਆ ਜਾਣਾ ਸੀ। ਸੋ, ਇਤਿਹਾਸ ਤੋਂ ਸਾਬਤ ਹੈ ਕਿ ਉਸ ਦਾ ਲਾਭ ਜੰਗੇ ਬਦਰ ਦੀ ਤਿਆਰੀ ਵਿਚੱ ਵਰਤਿਆ ਗਿਆ। ਸੋ, ਇਸ ਨੂੰ ਰੋਕਣਾ ਜੰਗ ਦੀਆਂ ਤਰਕੀਬਾਂ ਦਾ ਜ਼ਰੂਰੀ ਹਿੱਸਾ ਸੀ।

ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਨੇ ਇਸ ਕਾਫ਼ਲੇ ਦੀ ਖ਼ਬਰ ਲੈਣ ਦੇ ਉਦੇਸ਼ ਨਾਲ ਹਜ਼ਰਤ ਤਲਹਾ ਬਿਨ ਉਬੈਦੁੱਲਾਹ ਰਜ਼ੀ ਅੱਲਾਹ ਅੰਨਹੋ ਅਤੇ ਹਜ਼ਰਤ ਸਈਦ ਬਿਨ ਜ਼ੈਦ ਰਜ਼ੀ ਅੱਲਾਹ ਨੂੰ ਅੱਗੇ ਭੇਜਿਆ । ਅਬੂ ਸੁਫ਼ਯਾਨ ਨੂੰ ਖ਼ਬਰ ਮਿਲੀ ਕਿ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਸਹਾਬੀਆ ਨਾਲ ਉਸ ਦੇ ਕਾਫ਼ਲੇ ਉੱਤੇ ਹਮਲਾ ਕਰਨ ਲਈ ਨਿਕਲ ਗਏ ਹਨ । ਇਹ ਖ਼ਬਰ ਸੁਣ ਕੇ ਉਹ ਬਹੁਤ ਡਰਿਆ ਅਤੇ ਆਪਣੇ ਇਕੱ ਸੰਦੇਸ਼ ਵਾਹਕ ਨੂੰ ਮੱਕੇ ਜਾ ਕੇ ਇਹ ਖ਼ਬਰ ਦੇਣ ਨੂੰ ਕਿਹਾ ਅਤੇ ਆਪ ਅਬੂ ਸੁਫ਼ਯਾਨ ਬਦਰ ਨੂੰ ਇਕੱ ਪਾਸੇ ਛਡੱ ਕੇ ਤੇਜ਼ੀ ਨਾਲ ਅੱਗੇ ਵਧੱ ਗਿਆ ।

ਇਸ ਬਾਰੇ ਆਂਹਜ਼ਰਤ ਸਲੱਲਾਹੋ ਅਲੈਹਿ ਵਸਲੱਮ ਦੀ ਭੂਆ, ਆਤਕਾ ਬਿਨਤੇ ਅਬਦੁਲੱ ਮੁਤਲਿਬ ਦਾ ਇਕੱ ਅਨੋਖਾ ਸੁਪਨਾ ਹੈ । ਉਨ੍ਹਾਂ ਨੇ ਅਬੂ ਸੁਫ਼ਯਾਨ ਦੇ ਸੰਦੇਸ਼ਵਾਹਕ ਦੇ ਮੱਕਾ ਪਹੁੰਚਣ ਤੋਂ ਤਿੰਨ ਰਾਤ ਪਹਿਲਾਂ ਸੁਪਨੇ ਵਿਚੱ ਵੇਖਿਆ ਕਿ ਇਕੱ ਵਿਅਕਤੀ ਊਂਠ ਉੱਤੇ ਸਵਾਰ ਅਬਤਹ (ਇਕੱ ਥਾਂ ਦਾ ਨਾਂ) ਦੇ ਮੈਦਾਨ ਵਿਚੱ, ਫ਼ਿਰ ਖ਼ਾਨਾ ਕਾਅਬਾ ਦੀ ਛਤੱ ਉੱਤੇ ਅਤੇ ਫ਼ਿਰ ਅਬੂ ਕਬੀਸ ਪਹਾੜ੍ਹ ਦੀ ਚੋਟੀ ਉੱਤੇ ਖੜ੍ਹ ਕੇ ਉੱਚੀ ਆਵਾਜ਼ ਵਿਚੱ ਲੋਕਾਂ ਨੂੰ ਆਪਣੇ ਕਤਲ ਹੋਣ ਦੀ ਥਾਂ ਉੱਤੇ ਤਿੰਨ ਦਿਨ ਦੇ ਅੰਦਰ ਅੰਦਰ ਪਹੁੰਚਣ ਲਈ ਕਹਿੰਦਾ ਹੈ । ਫ਼ਿਰ ਉਸ ਨੇ ਇਕੱ ਪਥੱਰ ਉਸ ਪਹਾੜ੍ਹ ਤੋਂ ਸੁਟੱ ਦਿੱਤਾ ਅਤੇ ਢਿਗੱਦੇ ਸਾਰ ਹੀ ਉਹ ਪਥੱਰ ਟੋਟੇ ਟੋਟੇ ਹੋ ਗਿਆ ਅਤੇ ਮੱਕੇ ਦੇ ਘਰਾਂ ਵਿੱਚੋਂ ਕੋਈ ਘਰ ਅਤੇ ਕੋਈ ਮਕਾਨ ਅਜਿਹਾ ਬਾਕੀ ਨ ਰਿਹਾ । ਜਿਸ ਵਿਚੱ ਇਸ ਪਥੱਰ ਦਾ ਇਕੱ ਟੁਕੱੜ੍ਹਾ ਨ ਗਿਆ ਹੋਵੇ । ਉਨ੍ਹਾਂ ਨੇ ਇਹ ਸੁਪਨਾ ਆਪਣੇ ਭਰਾ ਹਜ਼ਰਤ ਅੱਬਾਸ ਬਿਨ ਅਬਦੁਲੱ ਮੁਤਲਿਬ ਨੂੰ ਦਸਿੱਆ । ਜੋ ਬਾਦ ਵਿਚੱ ਫ਼ੈਲਦੇ ਫ਼ੈਲਦੇ ਅਬੂ ਹਜਲ ਤਕੱ ਪਹੁੰਚ ਗਿਆ । ਅਬੂ ਹਜਲ ਨੇ ਕਿਹਾ ਕਿ ਅਸੀਂ ਤਿੰਨ ਦਿਨ ਤਕੱ ਉਡੀਕ ਲੈਂਣੇ ਆ ਜੇਕਰ ਇੰਞ ਹੋਇਆ ਤਾਂ ਠੀਕ ਹੈ ਨਹੀਂ ਤਾਂ ਅਸੀਂ ਇਕੱ ਲਿਖੱਤ ਕਾਅਬੇ ਉੱਤੇ ਲਮਕਾ ਦਿਆਂਗੇ ਕਿ ਤੁਸੀਂ ਅਰਬ ਵਿਚੱ ਸਭ ਤੋਂ ਵਧੱ ਝੂਠੇ ਹੋ ਇਸ ਦੇ ਬਾਦ ਹਜ਼ਰਤ ਅੱਬਾਸ ਰਜ਼ੀ ਅੱਲਾਹ ਅੰਨਹੋ ਬਨੂ ਅਬਦੁਲੱ ਮੁਤਲਿਬ ਦੀ ਔਰਤਾਂ ਦੇ ਕਹਿਣ ਉੱਤੇ ਅਬੂ ਹਜਲ ਨੂੰ ਮਾਰਨ ਲਈ ਖ਼ਾਨਾ ਕਾਅਬਾ ਵਿਚੱ ਗਏ । ਪਰ ਉਨਾਂ ਦਾ ਧਿਆਨ ਅਬੂ ਸੁਫ਼ਯਾਨ ਦੇ ਉਸ ਸੰਦੇਸ਼ਵਾਹਕ ਦੀ ਡਰਾਉਣੀ ਹਾਲਤ ਉੱਤੇ ਗਿਆ । ਜਿਸ ਨੂੰ ਮੱਕੇ ਵਾਲਿਆਂ ਨੂੰ ਮੁਸਲਮਾਨਾਂ ਦੇ ਹਮਲੇ ਤੋਂ ਖ਼ਬਰਦਾਰ ਕਰਨ ਦੇ ਉਦੇਸ਼ ਨਾਲ ਭੇਜਿਆ ਸੀ ਅਤੇ ਜੋ ਥਾਂ ਥਾਂ ਉੱਤੇ ਅਬੂ ਸੁਫ਼ਯਾਨ ਦੇ ਕਾਫ਼ਲੇ ਨੂੰ ਬਚਾਉਣ ਲਈ ਐਲਾਨ ਕਰ ਰਿਹਾ ਸੀ । ਕੁਰੈਸ਼ ਤਾਂ ਪਹਿਲਾਂ ਹੀ ਜੰਗ ਦਾ ਬਹਾਨਾ ਲਭ ਰਹੇ ਸਨ । ਇਸ ਐਲਾਨ ਉੱਤੇ ਬਹਾਨਾ ਮਿਲ ਗਿਆ ਅਤੇ ਉਹ ਜੰਗ ਦੀ ਭਰਪੂਰ ਤਿਆਰੀ ਕਰਨ ਲੱਗੇ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਇਸ ਦੀ ਹੋਰ ਵਿਆਖਿਆ ਇੰਸ਼ਾ-ਅੱਲਾਹ ਅੱਗੇ ਬਿਆਨ ਹੋਵੇਗੀ

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہُ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔